High

## Tender Heart School, Class- V (Punjabi)

Assignment-2 Topic - "ਲਗਾਂ" Gurpreet Kaur

ਪਿਆਰੇ ਵਿਦਿਆਰਥੀਓ,

ਸਾਰਿਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ। ਮੈਂ ਗੁਰਪ੍ਰੀਤ ਕੌਰ, ਅੱਜ ਤੁਹਾਨੂੰ ਪੰਜਵੀਂ ਜਮਾਤ ਦੇ ਵਿਸ਼ੇ 'ਲਗਾਂ' ਦੀ ਦੁਹਰਾਈ ਕਰਵਾ ਰਹੀ ਹਾਂ। ਇਸ ਲਈ ਸਾਰੇ ਵਿਦਿਆਰਥੀ ਪੂਰੇ ਧਿਆਨ ਨਾਲ ਇਸ ਵਿਸ਼ੇ ਨੂੰ ਸੁਣਨ ਅਤੇ ਸਮਝਣ। ਲਗਾਂ ਉਹ ਚਿੰਨ੍ਹ ਹੁੰਦੇ ਹਨ ਜਿਹੜੇ ਅੱਖਰਾਂ ਨਾਲ ਲੱਗਕੇ ਉਹਨਾਂ ਨੂੰ ਬੋਲਣ ਵਿੱਚ ਮੱਦਦ ਕਰਦੇ ਹਨ। ਪੰਜਾਬੀ ਭਾਸ਼ਾ ਵਿੱਚ ਦਸ ਲਗਾਂ ਹਨ। ਜਿਨ੍ਹਾਂ ਦੇ ਨਾਂ ਹਨ- ਮੁਕਤਾ, ਸਿਹਾਰੀ, ਬਿਹਾਰੀ, ਕੰਨਾ, ਔਂਕੜ, ਦੁਲੈਂਕੜ, ਲਾਂ, ਦੁਲਾਵਾਂ, ਹੋੜਾ ਅਤੇ ਕਨੌੜਾ। ਆਓ, ਇੱਕ ਵਾਰ ਫੇਰ ਇਹਨਾਂ ਲਗਾਂ ਨੂੰ ਵਿਸਥਾਰ ਨਾਲ ਪੜ੍ਹੀਏ।

1) ਮੁਕਤਾ:- ਇਸ ਲਗ ਦਾ ਕੋਈ ਚਿੰਨ੍ਹ ਨਹੀਂ ਹੁੰਦਾ। ਇਸ ਦੇ ਸ਼ਬਦਾਂ ਵਿੱਚੋਂ 'ਅ' ਦੀ ਅਵਾਜ਼ ਆਉਂਦੀ ਹੈ।

ਜਿਵੇਂ ਕਿ :-


ਸ਼ਲਗਮ


ਫਲ

2) ਕੰਨਾ :-

ਇਸ ਦਾ ਚਿੰਨ੍ਹ (T) ਹੁੰਦਾ ਹੈ, ਜਿਹੜਾ ਅੱਖਰ ਤੋਂ ਬਾਅਦ ਲੱਗਦਾ ਹੈ। ਇਹ ਲੰਬਾਈ ਵਿੱਚ ਅੱਖਰ ਨਾਲੋਂ ਅੱਧਾ ਹੁੰਦਾ ਹੈ। ਇਸ ਦੀ ਅਵਾਜ਼ 'ਆ' ਦੀ ਤਰ੍ਹਾਂ ਆਉਂਦੀ ਹੈ।

ਜਿਵੇਂ ਕਿ :-


ਕਾਰ


ਕਾਕਾ

Assignment-2 Topic "ਲਗਾਂ" Gurpreet Kaur

3) ਸਿਹਾਰੀ (ਿ):- ਇਹ ਲਗ ਅੱਖਰ ਤੋਂ ਪਹਿਲਾਂ ਲੱਗਦੀ ਹੈ। ਇਸ ਦੀ ਅਵਾਜ਼ 'ਇ' ਵਰਗੀ ਹੁੰਦੀ ਹੈ।

ਜਿਵੇਂ ਕਿ :-



ਹਿਰਨ



ਸਿਤਾਰ

4) ਬਿਹਾਰੀ (ੀ):- ਇਹ ਲਗ ਅੱਖਰ ਤੋਂ ਬਾਅਦ ਵਿੱਚ ਲੱਗਦੀ ਹੈ। ਇਸ ਦੀ ਅਵਾਜ਼ 'ਈ' ਵਰਗੀ ਹੁੰਦੀ ਹੈ।

ਜਿਵੇਂ ਕਿ :-



ਨਦੀ



ਕੀੜੀ

5) ਔਂਕੜ (ੁ):- ਇਹ ਲਗ ਅੱਖਰ ਦੇ ਹੇਠਾਂ ਲੱਗਦੀ ਹੈ। ਇਸ ਦੀ ਅਵਾਜ਼ 'ਉ' ਵਾਂਗ ਹੁੰਦੀ ਹੈ।

ਜਿਵੇਂ ਕਿ :-



ਕੁੱਤਾ



ਕੁੱਕੜ

6) ਦੁਲੈਂਕੜ (ੂ):- ਇਹ ਲਗ ਅੱਖਰ ਦੇ ਹੇਠਾਂ ਲੱਗਦੀ ਹੈ। ਇਸਦੀ ਅਵਾਜ਼ 'ਊ' ਵਾਂਗ ਹੁੰਦੀ ਹੈ।

ਜਿਵੇਂ ਕਿ :-



ਸੂਰਜ



ਊਠ

Assignment-2 Topic - "ਲਗਾਂ" Gurpreet Kaur

7) ਲਾਂ ( ੇ ) :- ਇਹ ਲਗ ਅੱਖਰ ਦੇ ਉੱਤੇ ਲੱਗਦੀ ਹੈ। ਇਸਦੀ ਅਵਾਜ਼ 'ਏ' ਵਰਗੀ ਹੁੰਦੀ ਹੈ।

ਜਿਵੇਂ ਕਿ :-



ਸੇਬ



ਕੇਲਾ

8) ਦੁਲਾਵਾਂ ( ੈ ) :- ਇਹ ਲਗ ਅੱਖਰ ਦੇ ਉੱਤੇ ਲੱਗਦੀ ਹੈ। ਇਸ ਦੀ ਅਵਾਜ਼ 'ਐ' ਵਰਗੀ ਹੁੰਦੀ ਹੈ।

ਜਿਵੇਂ ਕਿ :-



ਪੈਨਸਿਲ



ਐਨਕ

9) ਹੋੜਾ ( ੋ ) :- ਇਹ ਲਗ ਅੱਖਰ ਦੇ ਉੱਤੇ ਲੱਗਦੀ ਹੈ। ਇਸਦੀ ਅਵਾਜ਼ 'ਓ' ਵਰਗੀ ਹੁੰਦੀ ਹੈ।

ਜਿਵੇਂ ਕਿ :-



ਤੋਤਾ



ਮੋਰ

10) ਕਨੌੜਾ ( ੌ ) :- ਇਹ ਲਗ ਅੱਖਰ ਦੇ ਉੱਤੇ ਲੱਗਦੀ ਹੈ। ਇਸਦੀ ਅਵਾਜ਼ 'ਔ' ਵਰਗੀ ਹੁੰਦੀ ਹੈ।

ਜਿਵੇਂ ਕਿ :-



ਫੌਜੀ



ਔਰਤ

Last page